International Journal of Multidisciplinary Trends 2022; 4(2): 73-75

International Journal of Multidisciplinary Trends

**E-ISSN:** 2709-9369
**P-ISSN:** 2709-9350
www.multisubjectjournal.com
IJMT 2022; 4(2): 73-75
Received: 28-06-2022
Accepted: 30-07-2022

**ਰੁਪਿੰਦਰ ਕੌਰ**
ਰਿਸਰਚ ਸਕਾਲਰ
ਰਿਮਟ ਯੂਨੀਵਰਸਿਟੀ,
ਮੰਡੀ ਗੋਬਿੰਦਗੜ੍ਹ,
ਪੰਜਾਬ, ਭਾਰਤ

**Corresponding Author:**
**ਰੁਪਿੰਦਰ ਕੌਰ**
ਰਿਸਰਚ ਸਕਾਲਰ
ਰਿਮਟ ਯੂਨੀਵਰਸਿਟੀ,
ਮੰਡੀ ਗੋਬਿੰਦਗੜ੍ਹ,
ਪੰਜਾਬ, ਭਾਰਤ

# ਸਵਰਾਜਬੀਰ ਰਚਿਤ ਕੱਲਰ: ਚਿਹਨ ਵਿਗਿਆਨਕ ਅਧਿਐਨ

**ਰੁਪਿੰਦਰ ਕੌਰ**

ਕੱਲਰ ਇੱਕ ਨਿਵੇਕਲੀ ਚਿਹਨ ਜੁਗਤ ਵਾਲਾ ਨਾਟਕ ਹੈ। ਇਸਦੀ ਚਿਹਨ ਸਾਰਥਕਤਾ ਪੰਜਾਬ ਦੀ ਕਿਸਾਨੀ ਦੇ ਆਰਥਿਕ ਸੰਕਟ ਤੋਂ ਲੈ ਕੇ ਸਮਾਜ ਮਨੋਵਿਗਿਆਨਕ ਜਟਿਲਤਾਵਾਂ ਤੱਕ ਫੈਲੀ ਹੈ। ਇਥੇ ਸਵਰਾਜਬੀਰ ਨੇ ਬਹੁਪਰਤੀ ਸਾਰਥਕਤਾ ਵਾਲਾ ਚਿਹਨ ਪ੍ਰਬੰਧ ਉਸਾਰਿਆ ਹੈ। ਕੱਲਰ ਜੋ ਕਿ ਪਰੰਪਰਾਗਤ ਅਰਥਾਂ ਵਿੱਚ ਵਿਸ਼ੇਸ਼ ਤਰ੍ਹਾਂ ਦੀ ਬੰਜਰ ਜਮੀਨ ਦਾ ਚਿਹਨਕ ਹੈ। ਨਾਟਕ ਦੇ ਨਿਵੇਕਲਾ ਚਿਹਨ ਵਿਗਿਆਨਕ ਪਰਿਪੇਖ ਵਿੱਚ ਮੌਜੂਦਾ ਆਰਥਿਕ ਸੰਕਟ ਵਿੱਚ ਘਿਰੀ ਪੰਜਾਬ ਦੀ ਛੋਟੀ ਕਿਸਾਨੀ ਦੀ ਹਾਰੀ ਹੋਈ ਮਾਨਸਿਕਤਾ ਦਾ ਚਿਹਨਕ ਹੋ ਨਿਬੜਦਾ ਹੈ। ਇਸਦੇ ਅਰਥ ਬਹੁਦਿਸ਼ਾਵੀ ਵਿਗਿਆਨਕ ਪ੍ਰਸੰਗ ਵਿੱਚ ਨਿਹਿਤ ਹਨ। ਕੱਲਰ ਨਾਟਕ ਦੀ ਅਰਥ ਵਿਗਿਆਨਕ ਜੁਗਤ ਦੇ ਪ੍ਰਮੁੱਖ ਚਿਹਨਾਤਮਕ ਪ੍ਰਸੰਗ ਆਰਥਿਕਤਾ, ਸਮਾਜਕਤਾ, ਲੋਕਧਾਰਾ, ਰਾਜਨੀਤੀ, ਇਤਿਹਾਸ, ਮਨੋਵਿਗਿਆਨਕ ਅਤੇ ਰੁਮਾਂਸ ਨਾਲ ਜੁੜੇ ਹਨ। ਸੋ ਇਸ ਨਾਟਕ ਦੇ ਚਿਹਨ ਵਿਗਿਆਨਕ ਅਧਿਐਨ ਲਈ ਬਹੁਤ ਸਾਰੇ ਪ੍ਰਸੰਗਾਂ ਦਾ ਵਿਧੀਵਤ ਵਿਸ਼ਲੇਸ਼ਣ ਕਰਨਾ ਜਰੂਰੀ ਹੈ।

ਕੱਲਰ ਨਾਟਕ ਦਾ ਚਿਹਨ ਵਿਗਿਆਨਕ ਅਧਿਐਨ ਕਰਨ ਲਈ ਇਸਦੇ ਦੋਸ਼ ਵਿਗਿਆਨਕ ਅਰਥਾਂ ਤੋਂ ਲੈ ਕੇ ਇਸਦੇ ਪਾਠਾਤਮਕ ਅਰਥਾਂ ਦੀ ਯਾਤਰਾ ਜਰੂਰੀ ਹੈ। ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਅਨੁਸਾਰ : ਕੱਲਰ ਰੋਹੀ ਵਾਲੀ ਜਮੀਨ ਨੂੰ ਕਿਹਾ ਜਾਂਦਾ ਹੈ ਜਿਸ ਵਿੱਚ ਖੇਤੀ ਨਹੀਂ ਹੋ ਸਕਦੀ। ਕੱਲਰ ਭੋਇੰ ਬਾਰੇ ਕਈ ਅਖਾਣ ਪ੍ਰਚੱਲਤ ਹਨ, ਜੋ ਕੱਲਰੀ ਭੋਇੰ ਬਾਰੇ ਪੰਜਾਬੀਆਂ ਦੀਆਂ ਭਾਵਨਾਵਾਂ ਤੇ ਪਰੇਸ਼ਾਨੀਆਂ ਪ੍ਰਗਟ ਕਰਦੇ ਹਨ।

(1) ਕੱਲਰਾਛੀ ਭੋਇੰ ਗਹੋ ਤਾਂ ਹਾਸਲ ਮਿੱਟੀ ਚਾਹੇ
(2) ਕੱਲਰੀ ਖੇਤੀ, ਜਿਹੀ ਵਾਹੀ, ਤਿਹੀ ਅਣਵਾਹੀ
(3) ਕੱਲਰ ਖੇਤੀ ਖੂਹ ਬਸੀਮਾਂ, ਮੂਰਖ ਬੀਜ ਗੰਵਾਈ
ਜੇ ਨਾਰ ਬਗਾਨੀ ਸੋਵੀਂ, ਉਸਨੂੰ ਅਕਲ ਨਾ ਕਾਈ।[1]

**ਪੰਜਾਬੀ ਸੱਭਿਆਚਾਰ ਸ਼ਬਦਾਵਲੀ ਕੋਸ਼ ਅਨੁਸਾਰ**: ਕੱਲਰ ਸ਼ੋਰੇ ਅਤੇ ਮਾਦੇ ਵਾਲੀ ਮਿੱਟੀ ਨੂੰ ਕਿਹਾ ਜਾਂਦਾ ਹੈ। ਉਹ ਬੰਜਰ ਧਰਤੀ ਜੋ ਖੇਤੀ ਦੇ ਆਯੋਗ ਹੈ।[2]

**ਮਹਾਨ ਕੋਸ਼ ਅਨੁਸਾਰ**: ਕੱਲਰ ਦਾ ਅਰਥ ਹੈ ਸੋਰਾ। ਇਸ ਤੋਂ ਭਾਵ ਪੱਥਰ ਜੇਹੀ ਕਰੜੀ ਜਮੀਨ ਜਿਸ ਵਿੱਚ ਖੇਤੀ ਨਾ ਹੋ ਸਕੇ।[3]

ਸੋ ਕੋਸ਼ ਵਿਗਿਆਨਕ ਅਰਥਾਂ ਅਨੁਸਾਰ ਕੱਲਰ ਬੰਜਰ ਜ਼ਮੀਨ ਦਾ ਸੂਚਕ ਹੈ। ਇਸਦਾ ਅਰਥ ਵਿਸਥਾਰ ਕਰਦੇ ਹੋਏ ਸਵਰਾਜਬੀਰ ਨੇ ਮਨੁੱਖੀ ਅਸਤਿੱਤਵ ਦੀ ਸਥਾਪਤੀ ਦੇ ਰਸਤੇ ਦੀਆਂ ਕੁੱਝ ਔਕੜਾਂ (ਆਰਥਿਕ, ਸਮਾਜਕ ਤੇ ਮਨੋਵਿਗਿਆਨਕ) ਦਾ ਚਿਹਨ ਕੱਲਰ ਨੂੰ ਬਣਾਇਆ ਹੈ। ਕੱਲਰ ਜਿਸ ਜਮੀਨ ਨੂੰ ਲੱਗ ਜਾਵੇ ਤਾਂ ਉਸਨੂੰ ਬੰਜਰ ਬਣਾ ਦਿੰਦਾ ਹੈ ਤੇ ਉਸ ਜਮੀਨ ਵਿੱਚ ਖੇਤੀ ਨਹੀਂ ਹੋ ਸਕਦੀ। ਉਸ ਜਮੀਨ ਵਿੱਚ ਕੁੱਝ ਉਪਜਦਾ ਨਹੀਂ। ਉਸੇ ਤਰ੍ਹਾਂ ਜੇਕਰ ਨਾ ਉਮੀਦੀ ਤੇ ਆਲਸ ਦਾ ਕੱਲਰ ਮਨੁੱਖੀ ਮਾਨਸਿਕਤਾ ਨੂੰ ਲੱਗ ਜਾਵੇ ਤਾਂ ਉਸ ਵਿਚ ਆਸ, ਉਮੀਦ ਅਤੇ ਸੁਪਨੇ ਉਪਜਣੇ ਬੰਦ ਹੋ ਜਾਂਦੇ ਹਨ। ਇਹ ਕੱਲਰ ਮਨੁੱਖੀ ਚੇਤਨਾ ਨੂੰ ਬੰਜਰ ਬਣਾ ਦਿੰਦਾ ਹੈ। ਨਾਟਕੀ ਪਾਠ ਦਾ ਚਿਹਨ-ਪ੍ਰਬੰਧ ਦਰਸਾਉਂਦਾ ਹੈ ਕਿ ਪੰਜਾਬ ਦੀ ਕਿਰਸਾਨੀ ਦੀ ਯੁਵਾ ਪੀੜੀ ਨੂੰ ਅਜਿਹੇ ਹੀ ਕੱਲਰ ਨੇ ਜਕੜ ਲਿਆ ਹੈ ਜਿਸ ਕਾਰਨ ਇਸ ਪੀੜ੍ਹੀ ਨੇ ਆਪਣੀ ਧਰਤੀ ਤੇ ਹੀ ਖੁਸ਼ਹਾਲੀ ਪੈਦਾ ਕਰਨ ਦਾ ਸੁਪਨਾ ਗਵਾਅ ਲਿਆ ਹੈ। ਪੰਜਾਬ ਦੀ ਉਪਜਾਉ ਧਰਤੀ ਦੇ ਬਾਵਜੂਦ ਇਸ ਉਪਰ ਨਿਰਭਰ ਕਿਸਾਨੀ ਦੀ ਨਵੀਂ ਪੀੜ੍ਹੀ ਨੂੰ ਆਪਣੇ ਸੁਪਨਿਆਂ ਦੀ ਫਸਲ ਧਰਤੀ ਵਿਚੋਂ ਉਪਜਦੀ ਨਜ਼ਰ ਨਹੀਂ ਆਉਂਦੀ। ਉਹ ਆਪਣੇ ਸੁਪਨਿਆਂ ਦੀ ਧਰਤੀ ਵਿਦੇਸ਼ੀ ਧਰਤੀ ਤੇ ਤਲਾਸ਼ਦੇ ਹਨ। ਇਸ ਕਿਸਮ ਦਾ ਮਨੋਵਿਗਿਆਨਕ ਕੱਲਰ ਪੰਜਾਬ ਦੀ ਕਿਸਾਨੀ ਦੀ ਨਵੀਂ ਪੀੜ੍ਹੀ ਦੀ ਚੇਤਨਾ ਨੂੰ ਲੱਗ ਚੁੱਕਾ ਹੈ। ਜਟਿਲ ਪ੍ਰਸਥਿਤੀਆਂ ਵਿੱਚ ਇਸ ਤੋਂ ਮੁਕਤੀ ਦਾ ਰਾਹ ਨਾਟਕ ਦੇ ਪਾਤਰਾਂ ਨੂੰ ਲੱਭਦਾ ਨਹੀਂ। ਸਵਰਾਜਬੀਰ ਦੇ ਸ਼ਬਦਾਂ ਵਿੱਚ :

ਇਹ ਨਾਟਕ ਖੁਸ਼ਹਾਲੀ ਦੀ ਦੌੜ ਵਿੱਚ ਪਿੱਛੇ ਰਹਿ ਗਏ ਬੰਦੇ ਦੀ ਕਹਾਣੀ ਹੈ। ਉਸ ਤੋਂ ਵੀ ਜ਼ਿਆਦਾ ਇਹ ਪੰਜਾਬ ਵਿੱਚ ਰਹਿ ਰਹੇ ਉਸ ਪੰਜਾਬੀ ਬੰਦੇ ਦੀ ਕਹਾਣੀ ਹੈ, ਜੋ ਆਪਣੇ ਹਠ ਨਾਲ ਆਪਣੇ ਕੱਲਰ ਨੂੰ ਭੰਨ ਰਿਹਾ ਹੈ, ਕੁੱਝ ਸਫ਼ਲ ਅਤੇ ਕੁੱਝ ਅਸਫ਼ਲ ਹੁੰਦਾ ਹੋਇਆ।[4]

ਨਾਟਕੀ ਪਾਠ ਵਿੱਚ ਕੱਲਰ ਮਨੁੱਖ ਦੇ ਅਸਤਿਤੱਵੀ ਸੰਘਰਸ਼ ਦਾ ਚਿਹਨਕ ਹੈ, ਜਿਵੇਂ ਧਰਤੀ ਨੂੰ ਉਪਜਾਊ ਬਣਾਉਣ ਲਈ ਇਸ ਵਿਚੋਂ ਕੱਲਰ ਨੂੰ ਮਾਰਨਾ ਜ਼ਰੂਰੀ ਹੈ। ਉਥੇ ਹੀ ਜੀਵਨ ਉਦੇਸ਼ ਦੀ ਪ੍ਰਾਪਤੀ ਲਈ ਅਤੇ ਮਨੁੱਖੀ ਅਸਤਿਤੱਵ ਦੀ ਸਥਾਪਤੀ ਲਈ ਪ੍ਰਤੀਕੂਲ ਪ੍ਰਸਥਿਤੀਆਂ ਦੇ ਕੱਲਰ ਨੂੰ ਮਾਰਨਾ ਵੀ ਜਰੂਰੀ ਹੈ। ਸਵਰਾਜਬੀਰ ਨੇ ਕਿਸਾਨ ਅਤੇ ਕੱਲਰ ਦੇ ਸੰਘਰਸ਼ ਨੂੰ ਮਨੁੱਖ ਦੇ ਜੀਵਨ ਸਫ਼ਰ ਵਿੱਚ ਪ੍ਰਸਥਿਤੀਆਂ ਨਾਲ ਸੰਘਰਸ਼ ਵਿਰਾਟ ਅਰਥਾਂ ਤੱਕ ਫੈਲਾਅ ਦਿੱਤਾ ਹੈ। ਨਾਟਕ ਦੀ ਪ੍ਰਸਤਾਵਨਾ ਵਿੱਚ ਕਾਮਿਆਂ ਦੇ ਸੰਵਾਦ ਰੂਪ ਵਿੱਚ ਉਦੈ ਹੁੰਦਾ ਗੀਤ ਇਸ ਚਿਹਨਾਤਮਕ ਵਰਤਾਰੇ ਦੀ ਪੇਸ਼ਕਾਰੀ ਕਰਦਾ ਹੈ:

ਮਿੱਟੀ 'ਚ ਕੱਲਰ ਤੇ ਕੱਲਰਾਂ 'ਚ ਮਿੱਟੀ
ਵਿੱਚ ਮਿੱਟੀ ਦੇ ਹੈ ਬੰਦਾ
ਧੋ ਧੋ ਮਿੱਟੀ, ਕੱਲਰ ਉਹ ਕੱਢੇ
ਬੰਦਾ ਮਿੱਟੀ ਦਾ ਧੰਦਾ
ਏਸ ਮਿੱਟੀ ਵਿੱਚ ਵਣਜ ਬਹੁਤੇਰੇ
ਕੋਈ ਚੰਗਾ ਕੋਈ ਮੰਦਾ
ਇਹ ਹੈ ਤੋਰ ਹਯਾਤੀ ਵਾਲੀ
ਇਹ ਮੁਕਤੀ, ਇਹ ਫੰਦਾ।[5]

ਸਵਰਾਜਬੀਰ ਕੱਲਰ ਦੇ ਚਿਹਨ ਨੂੰ ਕੇਵਲ ਜੀਵਨ ਦੀਆਂ ਬਾਹਰੀ ਪ੍ਰਸਥਿਤੀਆਂ ਤੱਕ ਸੀਮਤ ਨਹੀਂ ਰੱਖਦਾ, ਬਲਕਿ ਕੱਲਰ ਦੇ ਚਿਹਨ ਨੂੰ ਸੂਖਮ ਅਰਥਾਂ ਵਿੱਚ ਮਨੁੱਖ ਦੇ ਮਨੋਵਿਗਿਆਨਕ ਪਾਸਾਰਾਂ ਤੱਕ ਫੈਲਾਅ ਦਿੰਦਾ ਹੈ। ਨਾਟਕ ਦੇ ਪਾਤਰ ਦਲਬੀਰ ਦੇ ਸੰਵਾਦ ਦਰਸਾਉਂਦੇ ਹਨ ਕਿ ਮਨੁੱਖ ਦਾ ਬਾਹਰੀ ਜਗਤ ਤੇ ਉਸਦੀ ਅੰਤਰੀਵ ਚੇਤਨਾ ਦਾ ਜਗਤ ਦਵੰਦਾਤਮਕ ਰਿਸ਼ਤੇ ਵਿੱਚ ਬੱਝੇ ਹੁੰਦੇ ਹਨ। ਇਹ ਦੋਵੇਂ ਇੱਕ ਦੂਜੇ ਨੂੰ ਅਰਥ ਦਿੰਦੇ ਹਨ। ਬਾਹਰੀ ਸੰਕਟ ਜਦ ਚੇਤਨਾ ਦੇ ਸੰਕਟ ਵਿੱਚ ਬਦਲ ਜਾਵੇ ਤਾਂ ਹੋਰ ਵੀ ਘਾਤਕ ਹੋ ਜਾਂਦਾ ਹੈ। ਬਾਹਰੀ ਕੱਲਰ ਨੂੰ ਮਾਰਨਾ ਸੌਖਾ ਹੈ, ਪਰ ਚੇਤਨਾ ਦੇ ਕੱਲਰ ਨੂੰ ਮਾਰਨਾ ਔਖਾ ਹੈ। ਬਾਹਰੀ ਕੱਲਰ ਨੂੰ ਪਹਿਚਾਨਣਾ ਸੌਖਾ ਹੈ, ਪਰ ਚੇਤਨਾ ਦੇ ਕੱਲਰ ਨੂੰ ਪਹਿਚਾਨਣਾ ਬਹੁਤ ਕਠਿਨ ਹੈ। ਚੇਤਨਾ ਨੂੰ ਲੱਗੀ ਕੱਲਰ ਦੀ ਜਟਿਲਤਾ ਜਦ ਸੁਲਝਦੀ ਨਹੀਂ ਤਾਂ ਉਸ ਵਿਚੋਂ ਨਿਰਾਸ਼ਾ ਦਾ ਆਲਮ ਉਪਜਦਾ ਹੈ। ਇਹ ਨਿਰਾਸ਼ਾ ਨਾ-ਉਮੀਦੀ ਵਿੱਚ ਬਦਲ ਜਾਂਦੀ ਹੈ ਤੇ ਮਨੁੱਖੀ ਚੇਤਨਾ ਕੱਲਰ ਖਾਂਦੀ ਬੰਜਰ ਜ਼ਮੀਨ ਜੇਹੀ ਹੋ ਨਿਬੜਦੀ ਹੈ। ਨਾਟਕ ਦਾ ਮੁੱਖ ਪਾਤਰ ਦਲਬੀਰ ਆਪਣੇ ਪਿਤਾ ਗੁਰਦਿਆਲ ਸਿੰਘ ਨੂੰ ਸੰਬੋਧਨ ਕਰਕੇ ਕਹਿੰਦਾ ਹੈ :

ਤੁਸੀ ਕਿਸਮਤ ਵਾਲੇ ਓ ਭਾਊ ਜੀ..... ਕਿਸਮਤ ਵਾਲੇ।
ਤੁਹਾਨੂੰ ਇਹ ਪਤਾ ਲੱਗ ਗਿਆ ਕਿ ਤੁਸੀਂ ਕੱਲਰ ਭੰਨਣਾ ਏ........ ਤੇ ਤੁਸੀ ਕੱਲਰ ਭੰਨਣਾ ਏ..........ਤੇ
ਤੁਸੀਂ ਕੱਲਰ ਭੰਨ ਵੀ ਲਿਆ। ਮੈਨੂੰ ਤੇ ਇਹ ਵੀ ਨਈਂ ਪਤਾ ਕਿ ਮੈਂ ਕੀ ਕਰਨਾ ਏ ਤੇ ਕੀ ਨਈਂ ਕਰਨਾ।[6]

ਦਲਬੀਰ ਦੇ ਉਪਰੋਕਤ ਸੰਵਾਦ ਦੇ ਜਵਾਬ ਵਜੋਂ ਗੁਰਦਿਆਲ ਸਿੰਘ ਮਨੁੱਖ ਦੀ ਉਸ ਕੁਦਰਤੀ ਮੂਲ ਪ੍ਰਵਿਰਤੀ ਦਾ ਚਿਹਨ ਵਿਗਿਆਨਕ ਪ੍ਰਵਚਨ ਉਚਾਰਦਾ ਹੈ, ਜਿਸਦੇ ਤਹਿਤ ਮਨੁੱਖ ਪ੍ਰਤੀਕੂਲ ਤੋਂ ਪ੍ਰਤੀਕੂਲ ਪ੍ਰਸਿਥਤੀਆਂ ਵਿੱਚ ਵੀ ਜ਼ਿੰਦਗੀ ਜਿਉਣ ਅਤੇ ਖੂਬਸੂਰਤ ਬਣਾਉਣ ਦੀ ਆਸ ਦਾ ਪੱਲਾ ਨਹੀਂ ਛੱਡਦਾ। ਬਾਹਰੀ ਕੱਲਰ ਕਿੰਨਾ ਵੀ ਮਾਰੂ ਕਿਉਂ ਨਾ ਹੋਵੇ, ਮਨੁੱਖ ਦੀ ਇਸ ਮਨੋਵਿਗਿਆਨਕ ਪ੍ਰਵਿਰਤੀ ਦੇ ਸਾਹਮਣੇ ਇਹ ਕੱਲਰ ਜਿੱਤ ਨਹੀਂ ਸਕਦਾ। ਦਲਬੀਰ ਤੇ ਗੁਰਦਿਆਲ ਦੇ ਆਪਸੀ ਸੰਵਾਦ ਨਾ ਕੇਵਲ ਦੋ ਪੀੜ੍ਹੀਆਂ ਦਰਮਿਆਨ ਸੰਵਾਦ ਦਾ ਪ੍ਰਵਚਨ ਹੈ, ਬਲਕਿ ਪੁਰਾਣੇ ਪੰਜਾਬੀ ਬੰਦੇ ਅਤੇ ਮੌਜੂਦਾ ਪੰਜਾਬੀ ਬੰਦੇ ਦਰਮਿਆਨ ਸੰਵਾਦ ਹੈ। ਇਹ ਪ੍ਰਵਚਨ ਦਰਸਾਉਂਦਾ ਹੈ ਕਿ ਪੁਰਾਣੇ ਪੰਜਾਬੀ ਸੱਭਿਆਚਾਰ ਚੇਤਨਾ ਦੀ ਪੱਧਰ ਤੇ ਬਹੁਤ ਮਜ਼ਬੂਤ ਅਤੇ ਜੇਤੂ ਭਾਵਨਾ ਦਾ ਧਾਰਨੀ ਸੀ। ਇਸਦੇ ਮੁਕਾਬਲੇ ਪੰਜਾਬੀ ਬੰਦਾ ਜੀਵਨ ਦੀਆਂ ਪ੍ਰਤੀਕੂਲ ਪ੍ਰਸਥਿਤੀਆਂ ਦੀ ਜਟਿਲਤਾ ਅਤੇ ਪੱਛਮ ਦੀ ਪਦਾਰਥਕ ਚਕਾਚੌਂਧ ਸਾਹਮਣੇ ਹਾਰ ਮੰਨ ਚੁੱਕਾ ਹੈ। ਅਜਿਹੀ ਚੇਤਨਾ ਲਈ ਮੁਸੀਬਤਾਂ ਦੇ ਬਾਹਰੀ ਤੇ ਅੰਤਰੀਵ ਕੱਲਰ ਨੂੰ ਮਾਰਨਾ ਲੱਗਭਗ ਅਸੰਭਵ ਹੈ, ਜਦਕਿ ਜੇਤੂ ਚੇਤਨਾ ਦੇ ਧਾਰਨੀ ਗੁਰਦਿਆਲ ਸਿੰਘ ਜਿਹੇ ਪਾਤਰ ਇਸ ਬਾਹਰੀ ਤੇ ਅੰਦਰੂਨੀ ਕੱਲਰ ਦੇ ਸਨਮੁੱਖ ਹਾਰ ਮੰਨਣ ਨੂੰ ਤਿਆਰ ਨਹੀਂ।

ਨਾਟਕ ਦੇ ਅੰਤ ਵਿੱਚ ਕੱਲਰ ਮਾਨਵੀ ਅਸਤਿੱਤਵ ਦੇ ਸਦੀਵੀਂ ਸੰਘਰਸ਼ ਦਾ ਚਿਹਨਕ ਹੋ ਨਿਬੜਦਾ ਹੈ। ਇਹ ਕੱਲਰ ਕੇਵਲ ਮਿੱਟੀ ਦਾ ਰੋਗ ਨਹੀਂ ਰਹਿ ਜਾਂਦਾ। ਇਹ ਜੀਵਨ ਦੀਆਂ ਸਦੀਵੀਂ ਔਕੜਾਂ ਦਾ ਚਿਹਨਕ ਹੋ ਨਿਬੜਦਾ ਹੈ। ਕਿਸਾਨੀ ਹੋਵੇ ਜਾਂ ਕੋਈ ਹੋਰ ਖੇਤਰ ਹੋਣ ਕੱਲਰ ਆਪਣਾ ਰੂਪ ਬਦਲ ਕੇ ਮਨੁੱਖ ਸਾਹਮਣੇ ਆ ਖੜਦਾ ਹੈ। ਹਰ ਮਨੁੱਖ ਨੂੰ ਸਫ਼ਲਤਾ ਦੀ ਫ਼ਸਲ ਪੈਦਾ ਕਰਨ ਲਈ ਆਪੋ-ਆਪਣਾ ਕੱਲਰ ਮਾਰਨਾ ਹੀ ਪੈਂਦਾ ਹੈ। ਕੱਲਰ ਕਦੀਂ ਵੀ ਪੂਰਨ ਰੂਪ ਵਿੱਚ ਖਤਮ ਨਹੀਂ ਹੋ ਸਕਦਾ। ਜ਼ਮੀਨ ਦਾ ਕੱਲਰ ਤਾਂ ਖਤਮ ਕੀਤਾ ਜਾ ਸਕਦਾ ਹੈ, ਪਰ ਜੀਵਨ ਦੀਆਂ ਔਕੜਾਂ ਦਾ ਕੱਲਰ ਹਮੇਸ਼ਾ ਰਹੇਗਾ। ਇਸ ਵਿੱਚ ਹੀ ਜੀਵਨ ਦੇ ਸੰਘਰਸ਼ ਦੀ ਸਦੀਵੀ ਗਾਥਾ ਸਿਰਜੀ ਜਾਂਦੀ ਰਹੇਗੀ। ਸਮੂਹਗਾਨ ਦੇ ਨਿਮਨਲਿਖਤ ਸ਼ਬਦ ਕੱਲਰ ਦੀ ਚਿਹਨ ਵਿਗਿਆਨਕ ਸਾਰਥਕਤਾ ਨੂੰ ਸਰਵਵਿਆਪਕ ਪੱਧਰ ਤੱਕ ਫੈਲਾਅ ਦਿੰਦੇ ਹਨ :

ਕੱਲਰ ਕੱਲਰ ਇਹ ਹਯਾਤੀ
ਪਾਣੀ ਇਸ ਨੂੰ ਲਾਇਆਂ
ਮਿੱਟੀ ਨਾਲ ਹਾਂ ਮਿੱਟੀ ਹੋਏ
ਕੱਲਰ ਭੰਨ ਵਿਖਾਇਆਂ
ਕੱਲਰਾਂ ਤੋਂ ਬਣੀ ਇਹ ਮਿੱਟੀ
ਮਿੱਟੀ ਨੂੰ ਪਰਨਾਇਆਂ।[7]

ਨਾਟਕ ਦੀ ਕਥਾ ਜੁਗਤ ਵਿੱਚ ਕੱਲਰ ਦਾ ਚਿਹਨਾਤਮਕ ਪ੍ਰਵਚਨ ਬਹੁਪਰਤੀ ਅਤੇ ਬਹੁਧਰਾਤਲੀ ਹੈ। ਗੁਰਦਿਆਲ ਸਿੰਘ ਜੋ ਇਸ ਰਚਨਾ ਦਾ ਮੁੱਖ ਪਾਤਰ ਹੈ ਉਹ ਮਨੁੱਖ ਦੇ ਅਸਤਿਤਵੀ ਸੰਘਰਸ਼ ਦਾ ਚਿਹਨ ਹੈ। ਉਦਾਸੀ ਦੇ ਆਲਮ 'ਚ ਵੀ ਆਸ ਨਾਲ ਭਰਿਆ ਗੁਰਦਿਆਲ ਸਿੰਘ ਪੂਰੀ ਤਰ੍ਹਾਂ ਸੰਘਰਸ਼ ਨੂੰ ਸਮਰਪਿਤ ਹੋਇਆ ਪਾਤਰ ਹੈ। ਬਚਪਨ ਤੋਂ ਹੀ ਆਪਣੇ ਪਿਤਾ ਨਾਲ ਖੇਤੀ ਦੇ ਕੰਮ ਵਿੱਚ ਹੱਥ ਵਟਾਉਂਦਾ ਤੇ ਵੱਡਾ ਹੋ ਕੇ ਕੱਲਰ ਮਾਰੀ ਭੋਇੰ ਵਿਚੋਂ ਕੱਲਰ ਭੰਨਦਿਆਂ ਭੰਨਦਿਆਂ ਉਸਦਾ ਮਾਰੂ ਪ੍ਰਸਥਿਤੀਆਂ ਨਾਲ ਸੰਘਰਸ਼ ਜਾਰੀ ਰਹਿੰਦਾ ਹੈ। ਜਦਕਿ ਦਲਬੀਰ ਜੋ ਉਸਦਾ ਪੁੱਤਰ ਹੈ ਭਵਿੱਖ

ਨੂੰ ਸੁਰੱਖਿਅਤ ਕਰਨ ਲਈ ਆਪਣੇ ਦੋਸਤਾਂ ਨਾਲ ਸੁਪਨਿਆਂ ਦੀ ਧਰਤੀ ਨੂੰ ਖੋਜਣ ਲਈ ਗਲਤ ਤਰੀਕੇ ਨਾਲ ਵਿਦੇਸ਼ ਨੂੰ ਤੁਰ ਪੈਂਦਾ ਹੈ ਅਤੇ ਖੁਦਗਰਜ ਏਜੰਟਾਂ ਦੇ ਹੱਥ ਦਾ ਖਿਡੌਣਾ ਬਣਕੇ ਰਹਿ ਜਾਂਦਾ ਹੈ। ਵਿਦੇਸ਼ ਦੀ ਧਰਤੀ ਦਾ ਸੱਚ ਜਦ ਦਲਬੀਰ ਦੇ ਸਾਹਮਣੇ ਆਉਂਦਾ ਹੈ ਤਾਂ ਉਸਨੂੰ ਆਪਣਾ ਆਪ ਖਤਮ ਹੋਇਆ ਲੱਗਦਾ ਹੈ।

ਇਸ ਨਾਟਕ ਵਿੱਚ ਕੱਲਰ ਦਾ ਚਿਹਨ ਕੇਵਲ ਪੰਜਾਬ ਦੇ ਕਿਸਾਨ ਦੀ ਆਰਥਿਕ ਦੁਰਦਸ਼ਾ ਨੂੰ ਪੇਸ਼ ਕਰਦਾ ਹੈ। ਪੰਜਾਬ ਦੇ ਮਿਹਨਤੀ ਕਿਸਾਨਾਂ ਦੇ ਵਿਪਰੀਤ ਇਨ੍ਹਾਂ ਕਿਸਾਨਾਂ ਦੀ ਅਜੋਕੀ ਪੀੜ੍ਹੀ ਵਿੱਚ ਬਹੁਗਿਣਤੀ ਨੌਜਵਾਨ ਜਿੰਮੀਦਾਰੀ ਨਾਲ ਜੁੜੀ ਹਉਮੈ ਦੀ ਮਾਨਸਿਕ ਖੁਸ਼ੀ ਤਾਂ ਲੈਣੀ ਚਾਹੁੰਦੇ ਹਨ, ਪਰ ਖੇਤੀ ਲਈ ਲੋੜੀਂਦੀ ਮਿਹਨਤ ਤੋਂ ਜੀਅ ਚੁਰਾਉਂਦੇ ਹਨ। ਮਿਹਨਤ ਤੋਂ ਭੱਜਕੇ ਇਹ ਨੌਜਵਾਨ ਪੀੜ੍ਹੀ ਵਿਦੇਸ਼ਾਂ ਵਿੱਚ ਜਾ ਕੇ ਸਫ਼ਤਲਾ ਦਾ ਸੌਖਾ ਰਾਹ ਤਲਾਸਣਾ ਚਾਹੁੰਦੀ ਹੈ। ਇਥੋਂ ਦੇ ਆਰਥਿਕ ਤੌਰ ਤੇ ਸਮਰਿਧ ਨੌਜਵਾਨ ਵੀ ਪੱਛਮ ਦੀ ਪਦਾਰਥਕ ਚਕਾਚੌਂਧ ਦੇ ਆਕਰਸ਼ਣ ਵਿੱਚ ਆਪਣੀ ਧਰਤੀ ਨੂੰ ਛੱਡਣ ਲਈ ਤਿਆਰ ਬੈਠੇ ਹਨ। ਭਾਰਤੀ ਰਾਜਨੀਤੀ ਅਤੇ ਪ੍ਰਸਾਸ਼ਨਿਕ ਪ੍ਰਬੰਧ ਦੇ ਭ੍ਰਿਸ਼ਟ ਵਰਤਾਰਿਆਂ ਨੇ ਲੋਕਾਂ ਵਿੱਚ ਅਸੁਰੱਖਿਆਂ ਦੀ ਭਾਵਨਾ ਵੀ ਪੈਦਾ ਕੀਤੀ ਹੈ। ਇਸ ਲਈ ਵਿਦੇਸ਼ਾ ਵਿੱਚ ਜਾ ਕੇ ਆਪਣਾ ਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਸੁਰੱਖਿਅਤ ਮਹਿਸੂਸ ਹੁੰਦਾ ਹੈ। ਇਵੇਂ ਆਪਣੀ ਤੋਂ ਬੇਰੁਖੀ ਅਤੇ ਵਿਦੇਸ਼ੀ ਧਰਤੀ ਦੀ ਖਿੱਚ ਦੇ ਦੋ ਮੂੰਹੇ ਕੱਲਰ ਨੇ ਪੰਜਾਬੀ ਕਿਸਾਨਾਂ ਦੀ ਮਾਨਸਿਕਤਾ ਨੂੰ ਬੁਰੀ ਤਰ੍ਹਾਂ ਗ੍ਰਸ ਲਿਆ ਹੈ। ਇਹ ਲੋਕ ਆਪਣੀ ਧਰਤੀ ਤੇ ਮਿਹਨਤ ਕਰਨ ਵਿੱਚ ਨਮੋਸੀ ਮਹਿਸੂਸ ਕਰਦੇ ਹਨ ਪਰ ਵਿਦੇਸ਼ਾ ਵਿੱਚ ਜਾ ਕੇ ਜਲਾਲਤ ਸਹਿਣ ਨੂੰ ਤਿਆਰ ਹਨ। ਇਨ੍ਹਾਂ ਨੌਜਵਾਨਾਂ ਦੀ ਮਾਨਸਿਕਤਾ ਨੂੰ ਮਿਹਨਤ ਨਾ ਕਰਨ ਦਾ ਕੱਲਰ ਲੱਗ ਚੁੱਕਾ ਹੈ, ਜੋ ਇਨ੍ਹਾਂ ਦੀ ਸੋਚ ਨੂੰ ਦਿਨੋ-ਦਿਨ ਕਮਜ਼ੋਰ ਕਰ ਰਿਹਾ ਹੈ। ਸਵਰਾਜਬੀਰ ਕੱਲਰ ਦੇ ਚਿਹਨ ਨੂੰ ਸਮਾਜਕ, ਆਰਥਿਕ, ਰਾਜਨੀਤਕ, ਇਤਿਹਾਸਿਕ, ਮਨੋਵਿਗਿਆਨਕ, ਲੋਕਧਾਰਾਈ ਅਤੇ ਰੁਮਾਂਟਿਕ ਸੰਦਰਭਾਂ ਨਾਲ ਜੁੜਦੇ ਸਮੁੱਚੇ ਪਾਠਾਤਮਕ ਪ੍ਰਵਾਹ ਵਿੱਚ ਬਹੁਪਰਤੀ ਅਰਥਾਂ ਸਹਿਤ ਫੈਲਾਅ ਦਿੰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ 589
2. ਪ੍ਰੋ. ਕਿਰਪਾਲ ਕਜ਼ਾਕ, ਪੰਜਾਬੀ ਸੱਭਿਆਚਾਰ ਸ਼ਬਦਾਵਲੀ ਕੋਸ਼, ਪੰਨਾ 52
3. ਭਾਈ ਕਾਨ੍ਹ ਸਿੰਘ ਨਾਭਾ, ਮਹਾਨਕੋਸ਼, ਪੰਨਾ 309
4. ਸਵਰਾਜਬੀਰ, ਕੱਲਰ, ਪੰਨਾ 8
5. ਉਹੀ, ਪੰਨਾ 13
6. ਉਹੀ, ਪੰਨਾ 98
7. ਉਹੀ, ਪੰਨਾ 99